# PAPER-II
# PUNJABI

**Signature and Name of Invigilator**

1. (Signature) ____________________________

   (Name) ____________________________

2. (Signature) ____________________________

   (Name) ____________________________

OMR Sheet No. : .............................................

(To be filled by the Candidate)

Roll No. | | | | | | | | |

(In figures as per admission card)

Roll No.____________________________

(In words)

| S | 2 | 4 | 1 | 3 |
|---|---|---|---|---|

Time : **1 1/4** hours] [Maximum Marks : **100**

Number of Pages in this Booklet : **8** Number of Questions in this Booklet : **50**

## Instructions for the Candidates

1. Write your roll number in the space provided on the top of this page.
2. This paper consists of fifty multiple-choice type of questions.
3. At the commencement of examination, the question booklet will be given to you. In the first 5 minutes, you are requested to open the booklet and compulsorily examine it as below :
   (i) To have access to the Question Booklet, tear off the paper seal / polythene bag on the booklet. Do not accept a booklet without sticker-seal / without polythene bag and do not accept an open booklet.
   (ii) **Tally the number of pages and number of questions in the booklet with the information printed on the cover page. Faulty booklets due to pages/questions missing or duplicate or not in serial order or any other discrepancy should be got replaced immediately by a correct booklet from the invigilator within the period of 5 minutes. Afterwards, neither the Question Booklet will be replaced nor any extra time will be given.**
   (iii) After this verification is over, the OMR Sheet Number should be entered on this Test Booklet.
4. Each item has four alternative responses marked (A), (B), (C) and (D). You have to darken the circle as indicated below on the correct response against each item.
   **Example :** (A) (B) ● (D)
   where (C) is the correct response.
5. Your responses to the items are to be indicated in the **OMR Sheet given inside the Paper I Booklet only.** If you mark at any place other than in the circle in the OMR Sheet, it will not be evaluated.
6. Read instructions given inside carefully.
7. Rough Work is to be done in the end of this booklet.
8. If you write your Name, Roll Number, Phone Number or put any mark on any part of the OMR Sheet, except for the space allotted for the relevant entries, which may disclose your identity, or use abusive language or employ any other unfair means, you will render yourself liable to disqualification.
9. You have to return the original OMR Sheet to the invigilators at the end of the examination compulsorily and must not carry it with you outside the Examination Hall. You are however, allowed to carry duplicate copy of OMR Sheet on conclusion of examination.
10. **Use only Blue/Black Ball point pen.**
11. **Use of any calculator or log table etc., is prohibited.**
12. **There is no negative marks for incorrect answers.**

## परीक्षार्थियों के लिए निर्देश

1. पहले पृष्ठ के ऊपर नियत स्थान पर अपना रोल नम्बर लिखिए ।
2. इस प्रश्न-पत्र में पचास बहुविकल्पीय प्रश्न हैं ।
3. परीक्षा प्रारम्भ होने पर, प्रश्न-पुस्तिका आपको दे दी जायेगी । पहले पाँच मिनट आपको प्रश्न-पुस्तिका खोलने तथा उसकी निम्नलिखित जाँच के लिए दिये जायेंगे, जिसकी जाँच आपको अवश्य करनी है :
   (i) प्रश्न-पुस्तिका खोलने के लिए पुस्तिका पर लगी कागज की सील / पोलिथीन बैग को फाड़ लें । खुली हुई या बिना स्टीकर-सील / बिना पोलिथीन बैग की पुस्तिका स्वीकार न करें ।
   (ii) **कवर पृष्ठ पर छपे निर्देशानुसार प्रश्न-पुस्तिका के पृष्ठ तथा प्रश्नों की संख्या को अच्छी तरह चैक कर लें कि ये पूरे हैं । दोषपूर्ण पुस्तिका जिनमें पृष्ठ/प्रश्न कम हों या दुबारा आ गये हों या सीरियल में न हों अर्थात् किसी भी प्रकार की त्रुटिपूर्ण पुस्तिका स्वीकार न करें तथा उसी समय उसे लौटाकर उसके स्थान पर दूसरी सही प्रश्न-पुस्तिका ले लें । इसके लिए आपको पाँच मिनट दिये जायेंगे । उसके बाद न तो आपकी प्रश्न-पुस्तिका वापस ली जायेगी और न ही आपको अतिरिक्त समय दिया जायेगा ।**
   (iii) इस जाँच के बाद OMR पत्रक की क्रम संख्या इस प्रश्न-पुस्तिका पर अंकित कर दें ।
4. प्रत्येक प्रश्न के लिए चार उत्तर विकल्प (A), (B), (C) तथा (D) दिये गये हैं । आपको सही उत्तर के वृत्त को पेन से भरकर काला करना है जैसा कि नीचे दिखाया गया है ।
   **उदाहरण** : (A) (B) ● (D) जबकि (C) सही उत्तर है ।
5. प्रश्नों के उत्तर **केवल प्रश्न पत्र I के अन्दर दिये गये OMR पत्रक पर ही** अंकित करने हैं । यदि आप OMR पत्रक पर दिये गये वृत्त के अलावा किसी अन्य स्थान पर उत्तर चिह्नांकित करते हैं, तो उसका मूल्यांकन नहीं होगा ।
6. अन्दर दिये गये निर्देशों को ध्यानपूर्वक पढ़ें ।
7. कच्चा काम (Rough Work) इस पुस्तिका के अन्तिम पृष्ठ पर करें ।
8. यदि आप OMR पत्रक पर नियत स्थान के अलावा अपना नाम, रोल नम्बर, फोन नम्बर या कोई भी ऐसा चिह्न जिससे आपकी पहचान हो सके, अंकित करते हैं अथवा अभद्र भाषा का प्रयोग करते हैं, या कोई अन्य अनुचित साधन का प्रयोग करते हैं, तो परीक्षा के लिये अयोग्य घोषित किये जा सकते हैं ।
9. आपको परीक्षा समाप्त होने पर मूल OMR पत्रक निरीक्षक महोदय को लौटाना आवश्यक है और परीक्षा समाप्ति के बाद उसे अपने साथ परीक्षा भवन से बाहर न लेकर जायें । हालांकि आप परीक्षा समाप्ति पर OMR पत्रक की डुप्लीकेट प्रति अपने साथ ले जा सकते हैं ।
10. **केवल नीले/काले बाल प्वाईंट पेन का ही इस्तेमाल करें ।**
11. **किसी भी प्रकार का संगणक (कैलकुलेटर) या लाग टेबल आदि का प्रयोग वर्जित है ।**
12. **गलत उत्तरों के लिए कोई अंक काटे नहीं जाएँगे ।**

## PUNJABI
## ਪੰਜਾਬੀ
## Paper-II
## ਪ੍ਰਸ਼ਨ ਪੱਤਰ-II

**Note :** This paper contains **fifty (50)** objective type questions, each question carrying **two (2)** marks. Attempt **all** the questions.

**ਨੋਟ** : ਇਸ ਪ੍ਰਸ਼ਨ ਪੱਤਰ ਵਿਚ **ਪੰਜਾਹ (50)** ਮਲਟੀਪਲ ਚੋਣ ਪ੍ਰਸ਼ਨ ਹਨ । ਹਰੇਕ ਪ੍ਰਸ਼ਨ ਦੇ **ਦੋ (2)** ਅੰਕ ਹਨ । **ਸਭ** ਪ੍ਰਸ਼ਨਾਂ ਦੇ ਉੱਤਰ ਦਿਉ ।

**1.** ਪੰਜਾਬੀ ਵਿਚ ਸੁਰ ਇਸ ਕਰਕੇ ਪੈਦਾ ਹੋਈ :
(A) ਭਾਰਤੀ ਆਰੀਆ ਭਾਸ਼ਾ-ਪਰਿਵਾਰ ਦੀ ਭਾਸ਼ਾ ਹੋਣ ਕਾਰਨ
(B) ਸਘੋਸ਼ ਧੁਨੀਆਂ ਦੇ ਲੋਪ ਹੋਣ ਕਾਰਨ
(C) ਇਸਦਾ ਸ੍ਰੋਤ ਵੈਦਿਕ ਭਾਸ਼ਾ ਹੋਣ ਕਾਰਨ
(D) ਪੰਜਾਬੀ ਦੀ ਮੂਲ ਪ੍ਰਵਿਰਤੀ ਹੋਣ ਕਾਰਨ

**2.** ਪੰਜਾਬੀ ਦੀ ਸ਼ਬਦ ਬਣਤਰ ਵਿਚ ਪੰਜਾਬੀ ਧੁਨੀ-ਵਿਓਂਤ ਅਨੁਸਾਰ ਕਿਹੜਾ ਵਰਤਾਰਾ ਸੰਭਵ ਨਹੀਂ ਹੈ :
(A) ਮੁੱਢ ਵਿਚ / ਇ / ਸਵਰ ਦਾ ਵਿਚਰਨਾ
(B) ਮੁੱਢ ਵਿਚ / ਏ / ਸਵਰ ਦਾ ਵਿਚਰਨਾ
(C) ਅੰਤ ਵਿਚ / ਅ / ਸਵਰ ਦਾ ਵਿਚਰਨਾ
(D) ਅੰਤ ਵਿਚ / ਔ / ਸਵਰ ਦਾ ਵਿਚਰਨਾ

**3.** ਗੁਰਮੁਖੀ ਲਿਪੀ ਕਿਸ ਵਰਗ ਦੀ ਹੈ :
(A) ਧੁਨੀਆਤਮਕ (B) ਵਿਚਾਰਾਤਮਕ
(C) ਸਿਲੈਬਿਕ (D) ਵਰਨਾਤਮਕ

**4.** ਪੰਜਾਬ ਨਾਲ ਲਗਦੇ ਕਿਹੜੇ ਸੂਬੇ ਵਿਚ ਸਭ ਤੋਂ ਵੱਧ ਸੰਵਿਧਾਨਕ ਭਾਸ਼ਾਵਾਂ ਨੂੰ ਮਾਨਤਾ ਪ੍ਰਾਪਤ ਹੈ :
(A) ਹਿਮਾਚਲ ਪ੍ਰਦੇਸ਼
(B) ਹਰਿਆਣਾ
(C) ਰਾਜਸਥਾਨ
(D) ਜੰਮੂ ਤੇ ਕਸ਼ਮੀਰ

**5.** ਧੁਨੀ ਪਰਿਵਰਤਨ ਸਿਧਾਂਤ ਦਾ ਮੁੱਖ ਭਾਸ਼ਾ-ਵਿਗਿਆਨੀ ਹੈ :
(A) ਗ੍ਰਾਸਮੈਨ (B) ਨੋਮ ਚੌਮਸਕੀ
(C) ਜਾਰਜ ਗ੍ਰੀਅਰਸਨ (D) ਬਲੂਮਫੀਲਡ

**6.** ਪੰਜਾਬੀ ਧੁਨੀਆਂ ਦੀ ਗਿਣਤੀ ਦਾ ਸਹੀ ਕ੍ਰਮ ਹੈ :

| **ਸੂਚੀ**-I | **ਸੂਚੀ**-II |
|---|---|
| a. ਨਾਸਕੀ ਧੁਨੀਆਂ | 1. 6 |
| b. ਉਲਟ-ਜੀ ਭੀ | 2. 5 |
| c. ਸੰਘਰਸ਼ੀ | 3. 7 |
| d. ਦੰਤੀ | 4. 3 |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ :

| | a | b | c | d |
|---|---|---|---|---|
| (A) | 2 | 4 | 3 | 1 |
| (B) | 1 | 3 | 2 | 4 |
| (C) | 2 | 1 | 4 | 3 |
| (D) | 2 | 3 | 4 | 1 |

**7.** ਕਿਹੜਾ ਸ਼ਬਦ ਅਵਿਕਾਰੀ ਨਹੀਂ ਹੈ :
(A) ਪਰ (B) ਉਪਰ
(C) ਵੀ (D) ਤਾਂ

**8.** 'ਸਾਡੀ ਯੂਨੀਵਰਸਿਟੀ ਵਿਚ ਉਹ ਮੁੰਡਾ ਪੜ੍ਹਦਾ ਹੈ ।' ਵਾਕ ਵਿਚ 'ਉਹ' ਦਾ ਪ੍ਰਕਾਰਜ ਹੈ :
(A) ਨਿਸ਼ਚੇਵਾਚਕ ਪੜਨਾਂਉਂ ਵਾਲਾ
(B) ਨਿਸ਼ਚੇਵਾਚਕ ਵਿਸ਼ੇਸ਼ਣ ਵਾਲਾ
(C) ਅਨਿਸ਼ਚੇਵਾਚਕ ਪੜਨਾਂਉਂ ਵਾਲਾ
(D) ਤੀਜਾ ਪੁਰਖ ਪੜਨਾਂਉਂ ਵਾਲਾ

**9.** ਕਿਹੜਾ ਕਥਨ ਪੂਰਾ ਸਹੀ ਹੈ :
(A) ਉਪਭਾਸ਼ਾ ਦੀ ਆਪਣੀ ਵਿਆਕਰਨ ਤੇ ਸ਼ਬਦਾਵਲੀ ਹੁੰਦੀ ਹੈ
(B) ਉਪਭਾਸ਼ਾ ਦੀ ਆਪਣੀ ਸ਼ਬਦਾਵਲੀ ਹੁੰਦੀ ਹੈ ਤੇ ਮਾਨਕ ਵਿਆਕਰਨ ਨਹੀਂ ਹੁੰਦੀ
(C) ਉਪਭਾਸ਼ਾ ਕਿਸੇ ਭਾਸ਼ਾ ਦੀ ਸ਼ਾਖ਼ਾ ਹੁੰਦੀ ਹੈ
(D) ਉਪਭਾਸ਼ਾ, ਭਾਸ਼ਾ ਦਾ ਛੋਟਾ ਰੂਪ ਹੁੰਦੀ ਹੈ

10. ਕਿਹੜੀ ਭਾਸ਼ਾ ਭਾਰਤੀ-ਆਰੀਆ ਪਰਿਵਾਰ ਦੀ ਨਹੀਂ ਹੈ :

(A) ਉੜੀਆ (B) ਮਰਾਠੀ

(C) ਕੰਨੜ (D) ਅਸਾਮੀ

11. **(A) ਕਥਨ :** ਹਰ ਇਕ ਭਾਸ਼ਾ ਦੀ ਕੇਵਲ ਇਕ ਹੀ ਮਾਨਕੀ ਵੰਨਗੀ ਹੁੰਦੀ ਹੈ, ਜਿਸਦੀ ਵਰਤੋਂ ਸਮੂਹ ਸਮਾਜ ਕਰਦਾ ਹੈ ।

**(R) ਕਾਰਨ :** ਕਿਉਂਕਿ ਜੇ ਭਾਸ਼ਾ ਦੀਆਂ ਇਕ ਤੋਂ ਵਧੇਰੇ ਵੰਨਗੀਆਂ ਹੋਣਗੀਆਂ ਤਾਂ ਸਮੂਹ ਸਮਾਜ ਵਿਚ ਭਾਸ਼ਾ ਦੀ ਸਮਝਣ ਯੋਗਤਾ ਘਟ ਸਕਦੀ ਹੈ ।

(A) (A) ਠੀਕ ਹੈ (R) ਗਲਤ ਹੈ

(B) (R) ਠੀਕ ਹੈ (A) ਗਲਤ ਹੈ

(C) (A) ਗਲਤ ਹੈ (R) ਆਂਸ਼ਿਕ ਠੀਕ ਹੈ

(D) (A) ਅਤੇ (R) ਦੋਵੇਂ ਠੀਕ ਹਨ

12. ਸਾਹਿਤ-ਵਿਗਿਆਨ ਦੀ ਉਸਾਰੀ ਵਿਚ ਯੋਗਦਾਨ ਹੈ :

(A) ਮਾਰਕਸਵਾਦੀ ਤੇ ਰੂਸੀ ਰੂਪਵਾਦੀ

(B) ਰੂਸੀ ਰੂਪਵਾਦੀ ਤੇ ਅਮਰੀਕੀ ਨਵਾਲੋਚਨਾ

(C) ਮਨੋਵਿਗਿਆਨਕ ਤੇ ਸਮਾਜ-ਸ਼ਾਸਤਰੀ

(D) ਵਿਰਚਨਾ ਵਾਦੀ ਤੇ ਨਾਰੀਵਾਦੀ

13. ਸਾਹਿਤ ਅਤੇ ਅਣ ਸਾਹਿਤ ਵਿਚ ਅੰਤਰ ਦਾ ਆਧਾਰ ਹੈ :

(A) ਕਾਵਿਕਤਾ (B) ਨਾਟਕੀਅਤਾ

(C) ਗਾਲਪਨਿਕਤਾ (D) ਕਾਲਪਨਿਕਤਾ

14. ਮਿਖ਼ਾਇਲ ਬਾਖ਼ਤੀਨ ਦੇ ਨਜ਼ਰੀਏ ਤੋਂ ਨਾਵਲ ਮੁੱਖ ਰੂਪ ਵਿਚ :

(A) ਪੂੰਜੀਵਾਦੀ ਜੁਗ ਦਾ ਮਹਾਕਾਵਿ ਹੈ

(B) ਉੱਤਰ-ਆਧੁਨਿਕ ਸਥਿਤੀ ਦਾ ਪ੍ਰਵਚਨ ਹੈ

(C) ਸੰਬਾਦੀ ਅਤੇ ਬਹੁਸੁਰਾ ਵਾਰਤਕ ਰੂਪ ਹੈ

(D) ਆਧੁਨਿਕ ਮਨੁੱਖ ਦਾ ਬਿਰਤਾਂਤ ਹੈ

15. ਨਾਟਕ ਦੀ ਰੂਪਾਕਾਰਕ ਹੋਂਦ-ਵਿਧੀ ਦੇ ਜ਼ਰੂਰੀ ਤੱਤ ਹਨ :

(A) ਨਾਟਕੀ ਪਾਠ ਅਤੇ ਨਿਰਦੇਸ਼ਨ

(B) ਨਾਟਕੀ ਪਾਠ ਅਤੇ ਰੰਗਮੰਚੀ ਪਾਠ

(C) ਨਾਟਕੀ ਪਾਠ ਅਤੇ ਅਭਿਨੈ

(D) ਨਾਟਕੀ ਪਾਠ ਅਤੇ ਸੰਗੀਤ

16. ਨਿਬੰਧ ਦਾ ਮੁੱਖ ਪ੍ਰਯੋਜਨ ਹੈ :

(A) ਵਿਸ਼ੇ ਸੰਬੰਧੀ ਸੋਝੀ ਪ੍ਰਦਾਨ ਕਰਨਾ

(B) ਵਿਸ਼ੇ ਦੀ ਜਾਣਕਾਰੀ ਦੇਣਾ

(C) ਵਿਸ਼ੇ ਨੂੰ ਰੌਚਕਤਾ ਨਾਲ ਬਿਆਨ ਕਰਨਾ

(D) ਵਿਸ਼ੇ ਸੰਬੰਧੀ ਤਾਰਕਿਕ ਗਿਆਨ ਦੇਣਾ

17. ਸਵੈ-ਜੀਵਨੀ ਦੀ ਰੂਪਾਕਾਰਕ ਵਿਸ਼ੇਸ਼ਤਾ ਹੈ :

(A) ਨਿੱਜੀ ਤਜਰਬਿਆਂ ਨੂੰ ਕਲਮ-ਬੱਧ ਕਰਨਾ

(B) ਜੀਵਨ ਅਨੁਭਵਾਂ ਦਾ ਨਿਚੋੜ ਪੇਸ਼ ਕਰਨਾ

(C) ਜ਼ਿੰਦਗੀ ਦੀਆਂ ਘਟਨਾਵਾਂ ਨੂੰ ਸਮਾਂਜਕ ਪ੍ਰਸੰਗਿਕਤਾ ਸਹਿਤ ਪੇਸ਼ ਕਰਨਾ

(D) ਨਿੱਜੀ ਪ੍ਰਾਪਤੀਆਂ ਦਾ ਲੇਖਾ-ਜੋਖਾ ਕਰਨਾ

18. ਮਹਾਕਾਵਿ ਦਾ ਕੇਂਦਰੀ ਤੱਤ ਹੈ :

(A) ਨਾਇਕ ਦੀ ਕੀਰਤੀ ਦੀ ਪ੍ਰਸੰਸਾ

(B) ਨਾਇਕ ਦੀ ਕੀਰਤੀ ਦੀ ਇਤਿਹਾਸਕ ਤੇ ਪਰਮਾਰਥੀ ਪੇਸ਼ਕਾਰੀ

(C) ਨਾਇਕ ਦੇ ਜੀਵਨ ਵੇਰਵਿਆਂ ਦਾ ਕਾਵਿਕ ਪ੍ਰਗਟਾਅ

(D) ਨਾਇਕ ਦੀ ਬਹਾਦਰੀ ਦੀ ਉਪਮਾ

19. ਪੰਜਾਬੀ ਵਿਚ ਵਾਰ ਕਾਵਿ ਦੇ ਪ੍ਰਸਿੱਧ ਛੰਦ ਹਨ :

(A) ਪਉੜੀ ਅਤੇ ਕੋਰੜਾ

(B) ਦਵੱਈਆ ਅਤੇ ਬੈਂਤ

(C) ਸੋਰਠਾ ਅਤੇ ਚੌਪਈ

(D) ਨਿਸ਼ਾਨੀ ਅਤੇ ਸਿਰਖੰਡੀ

**20.** ਗੀਤ ਰੂਪ ਦੀ ਵਿਸ਼ੇਸ਼ਤਾ ਹੈ :

(A) ਪਰੋਖ ਸ਼੍ਰਵਣ (B) ਅਪਰੋਖ ਸ਼੍ਰਵਣ

(C) ਏਕਾਲਾਪੀ ਸ਼੍ਰਵਣ (D) ਸੰਵਾਦੀ ਸ਼੍ਰਵਣ

**21.** ਰਸ-ਨਿਸ਼ਪੱਤੀ ਕਿਸਦੇ ਸੁਮੇਲ 'ਤੇ ਆਧਾਰਿਤ ਹੈ :

(A) ਸਤਿਅੰ, ਸ਼ਿਵਮ, ਸੁੰਦਰਮ

(B) ਵਿਭਾਵ, ਅਨੁਭਾਵ, ਵਿਭਚਾਰੀ

(C) ਧਰਮ, ਅਰਥ, ਕਾਮ, ਮੋਕਸ਼

(D) ਅਭਿਧਾ, ਲਕਸ਼ਣਾ, ਵਿਅੰਜਨਾ

**22.** ਸਾਦਾਰਨੀਕਰਨ ਦਾ ਸੰਕਲਪ ਕਿਸ ਪ੍ਰਣਾਲੀ ਦਾ ਹੈ :

(A) ਰੂਸੀ ਰੂਪਵਾਦ (B) ਰਸ ਸੰਪ੍ਰਦਾਇ

(C) ਧੁਨੀ ਸੰਪ੍ਰਦਾਇ (D) ਅਰਸਤੂਵਾਦੀ

**23.** ਉੱਤਰ-ਸੰਰਚਨਾਵਾਦੀ ਚਿੰਤਨ ਦੇ ਮੁੱਖ ਸੰਕਲਪ ਹਨ :

(A) ਚਿਹਨ, ਰੂਪ ਤੇ ਪਾਠ

(B) ਚਿਹਨ, ਸੰਰਚਨਾ ਤੇ ਦਵੰਦ

(C) ਚਿਹਨ, ਪਾਠ ਤੇ ਪ੍ਰਵਚਨ

(D) ਚਿਹਨ, ਸੰਰਚਨਾ ਤੇ ਥੀਮ

**24.** 'ਅਵਚੇਤਨ ਭਾਸ਼ਾ ਵਾਂਗ ਹੀ ਸੰਰਚਿਤ ਹੁੰਦਾ ਹੈ ।' ਕਿਸਦੀ ਧਾਰਨਾ ਹੈ :

(A) ਸੋਸਿਊਰ (B) ਯਕ ਲਾਕਾਂ

(C) ਰੋਲਾਂ ਬਾਰਤ (D) ਮਿਸ਼ੈਲ ਫੂਕੋ

**25.** ਰੁਮਾਂਸਵਾਦ ਦਾ ਕ੍ਰਾਂਤੀਕਾਰੀ ਕਿਰਦਾਰ ਕਿਸਤੋਂ ਪ੍ਰਭਾਵਿਤ ਸੀ :

(A) ਰੂਸੀ ਇਨਕਲਾਬ

(B) ਗਦਰ ਲਹਿਰ

(C) ਫਰਾਂਸ ਦੀ ਕ੍ਰਾਂਤੀ

(D) ਜੁਝਾਰਵਾਦੀ ਵਿਚਾਰਧਾਰਾ

**26.** ਸਾਹਿਤ ਦੀ ਇਤਿਹਾਸਕਾਰੀ ਦੀ ਅਧੁਨਿਕਤਮ ਪ੍ਰਵਿਰਤੀ ਹੈ :

(A) ਹਾਸ਼ੀਆਈ ਸਮੂਹਾਂ ਦਾ ਅਗ੍ਰਭੂਮਨ

(B) ਇਤਿਹਾਸਕਾਰੀ ਦੀ ਬਿਰਤਾਂਤ ਵਜੋਂ ਸਥਾਪਨਾ

(C) ਲਿੰਗਕਤਾ ਦੀ ਪ੍ਰਤਿਨਿਧਤਾ

(D) ਪਾਰ-ਰਾਸ਼ਟਰੀ ਪ੍ਰਵਿਰਤੀ ਦੀ ਪੇਸ਼ਕਾਰੀ

**27.** ਹੇਠ ਲਿਖਿਆਂ ਦਾ ਕਿਹੜਾ ਕ੍ਰਮ ਸਹੀ ਹੈ :

| **ਸੂਚੀ**-I | **ਸੂਚੀ**-II |
|---|---|
| a. ਸਿੱਠਣੀ | 1. ਸ਼ੋਕ ਪ੍ਰਧਾਨ |
| b. ਅਲਾਹੁਣੀ | 2. ਉਸਤਤ ਪ੍ਰਧਾਨ |
| c. ਸੱਦ | 3. ਵਿਅੰਗ ਪ੍ਰਧਾਨ |
| d. ਹਮਦ | 4. ਸੰਬੋਧਨ ਗੀਤ |

| | a | b | c | d |
|---|---|---|---|---|
| (A) | 3 | 1 | 4 | 2 |
| (B) | 1 | 2 | 4 | 3 |
| (C) | 2 | 3 | 1 | 4 |
| (D) | 1 | 2 | 3 | 4 |

**28.** ਪੰਜਾਬੀ ਵਿਦਵਾਨਾਂ ਅਨੁਸਾਰ 'ਜੰਗਨਾਮਾ ਸਿੰਘਾਂ ਤੇ ਫਰੰਗੀਆਂ' ਦਾ ਵਾਸਤਵਿਕ ਕਾਵਿ-ਰੂਪ ਹੈ :

(A) ਜੰਗਨਾਮਾ (B) ਵਾਰ

(C) ਮਿਸ਼ਰਿਤ (D) ਕਿੱਸਾ

**29.** ਲੇਖਕਾਂ ਦਾ ਸਹੀ ਕ੍ਰਮ ਹੈ :

| **ਸੂਚੀ**-I | **ਸੂਚੀ**-II |
|---|---|
| a. ਸੁਥਰਾ | 1. 19-ਵੀਂ ਸਦੀ |
| b. ਦਮੋਦਰ | 2. 15-ਵੀਂ ਸਦੀ |
| c. ਗੁਰੂ ਨਾਨਕ ਦੇਵ | 3. 17-ਵੀਂ ਸਦੀ |
| d. ਹਾਸ਼ਮ | 4. 16-ਵੀਂ ਸਦੀ |

| | a | b | c | d |
|---|---|---|---|---|
| (A) | 3 | 4 | 2 | 1 |
| (B) | 3 | 2 | 1 | 4 |
| (C) | 3 | 1 | 2 | 4 |
| (D) | 3 | 2 | 4 | 1 |

**30.** ਲੇਖਕਾਂ ਦੇ ਕਾਲ ਦਾ ਸਹੀ ਕ੍ਰਮ ਹੈ :

| **ਸੂਚੀ**-I | **ਸੂਚੀ**-II |
|---|---|
| a. ਸ਼ਰਦਾ ਰਾਮ ਫਿਲੌਰੀ | 1. 16-17ਵੀਂ ਸਦੀ |
| b. ਭਾਈ ਗੁਰਦਾਸ | 2. 15ਵੀਂ ਸਦੀ |
| c. ਬਾਬਾ ਫ਼ਰੀਦ | 3. 19ਵੀਂ ਸਦੀ |
| d. ਗੁਰੂ ਨਾਨਕ ਦੇਵ | 4. 12ਵੀਂ ਸਦੀ |

| | a | b | c | d |
|---|---|---|---|---|
| (A) | 3 | 1 | 4 | 2 |
| (B) | 3 | 4 | 2 | 1 |
| (C) | 3 | 2 | 1 | 4 |
| (D) | 4 | 2 | 3 | 1 |

**31.** ਪ੍ਰਯੋਗਵਾਦੀ ਕਾਵਿ ਪ੍ਰਵਿਰਤੀ ਨਾਲ ਸੰਬੰਧਿਤ ਹਨ :

(A) ਪ੍ਰੀਤਮ ਸਿੰਘ ਸਫ਼ੀਰ, ਅੰਮ੍ਰਿਤਾ-ਪ੍ਰੀਤਮ, ਬਾਵਾ ਬਲਵੰਤ, ਪ੍ਰਭਜੋਤ ਕੌਰ

(B) ਤਾਰਾ ਸਿੰਘ, ਅਜਾਇਬ ਕਮਲ, ਰਵਿੰਦਰ ਰਵੀ, ਸੁਖਪਾਲਵੀਰ ਸਿੰਘ ਹਸਰਤ

(C) ਧਨੀ ਰਾਮ ਚਾਤ੍ਰਿਕ, ਸ਼ਿਵ ਕੁਮਾਰ, ਸੋਹਣ ਸਿੰਘ ਮੀਸ਼ਾ, ਜਗਤਾਰ

(D) ਰਣਧੀਰ ਸਿੰਘ ਚੰਦ, ਤਖ਼ਤ ਸਿੰਘ, ਉਲਫ਼ਤ ਬਾਜਵਾ, ਗੁਰਦਿਆਲ ਰੌਸ਼ਨ

**32.** ਹੇਠ ਲਿਖਿਆਂ ਵਿਚ ਕਿਹੜਾ ਜੁੱਟ ਸਹੀ ਹੈ :

(A) ਬਾਵਾ ਬੁੱਧ ਸਿੰਘ – ਸਾਹਿਤ ਦਰਸ਼ਨ

(B) ਮੋਹਨ ਸਿੰਘ ਦੀਵਾਨਾ – ਸਾਹਿਤ ਵਿਗਿਆਨ

(C) ਸੰਤ ਸਿੰਘ ਸੇਖੋਂ – ਸਾਹਿਤ ਦੀ ਸਮਝ

(D) ਅਤਰ ਸਿੰਘ – ਸਾਹਿਤ ਸੰਵੇਦਨਾ

**33.** ਕਿਹੜਾ ਜੁੱਟ ਸਹੀ ਹੈ :

| **ਸੂਚੀ**-I | **ਸੂਚੀ**-II |
|---|---|
| a. ਲੋਕਧਾਰਾ ਵਿਸ਼ਵਕੋਸ਼ | 1. ਪ੍ਰੀਤਮ ਸਿੰਘ |
| b. ਗੁਰੂ ਗ੍ਰੰਥ ਵਿਸ਼ਵਕੋਸ਼ | 2. ਕਾਨ੍ਹ ਸਿੰਘ |
| c. ਮਹਾਨ ਕੋਸ਼ | 3. ਰਤਨ ਸਿੰਘ ਜੱਗੀ |
| d. ਪੰਜਾਬੀ ਲੇਖਕ ਕੋਸ਼ | 4. ਵਣ ਜਾਰਾ ਬੇਦੀ |

| | a | b | c | d |
|---|---|---|---|---|
| (A) | 4 | 3 | 2 | 1 |
| (B) | 1 | 2 | 3 | 4 |
| (C) | 4 | 2 | 1 | 3 |
| (D) | 2 | 3 | 1 | 2 |

**34.** ਕਿਹੜਾ ਕ੍ਰਮ ਸਹੀ ਹੈ :

| **ਸੂਚੀ**-I | **ਸੂਚੀ**-II |
|---|---|
| a. ਗਿਆਨ ਰਤਨਾਵਲੀ | 1. ਸੰਪਾਦਨ |
| b. ਪੰਜਾਬੀ ਬਾਤ ਚੀਤ | 2. ਕੋਸ਼ |
| c. ਪੂਰਨ ਸਿੰਘ: ਜੀਵਨੀ ਤੇ ਕਵਿਤਾ | 3. ਜਨਮ ਸਾਖੀ |
| d. ਗੁਰਸ਼ਬਦ ਰਤਨਾਕਰ | 4. ਨਿਬੰਧ |

| | a | b | c | d |
|---|---|---|---|---|
| (A) | 3 | 4 | 1 | 2 |
| (B) | 4 | 3 | 2 | 1 |
| (C) | 3 | 2 | 4 | 1 |
| (D) | 4 | 3 | 1 | 2 |

35. ਕਥਾਨਕ ਰੂੜ੍ਹੀ ਕੀ ਹੈ :

(A) ਕਥਾ ਵਸਤੂ ਦਾ ਦੁਹਰਾਉ

(B) ਕਥਾ ਅੰਸ਼ ਦਾ ਦੁਹਰਾਉ

(C) ਕਥਾਨਕ ਦਾ ਦੁਹਰਾਉ

(D) ਕਥਾ ਤੱਤ ਦਾ ਦੁਹਰਾਉ

36. ਬਹੁ-ਸਭਿਆਚਾਰਵਾਦ ਤੋਂ ਭਾਵ ਹੈ :

(A) ਕੌਮੀ ਪਛਾਣ ਨਾਲ ਸੁਮੇਲ

(B) ਸਭਿਆਚਾਰਕ ਭਿੰਨਤਾ ਦੀ ਸਹਿਨਸ਼ੀਲਤਾ

(C) ਵਿਸ਼ਵ ਸਭਿਆਚਾਰਕ ਭਿੰਨਤਾ ਦੀ ਪਛਾਣ

(D) ਗਲੋਬਲ ਭਿੰਨਤਾ ਪ੍ਰਤਿ ਚੇਤਨਾ

37. ਮਿੱਥ ਦਾ ਆਧਾਰ ਹੈ :

(A) ਇਤਿਹਾਸ ਤੇ ਮਿਥਿਹਾਸ

(B) ਪਰਾ-ਭੌਤਿਕਤਾ ਤੇ ਯਥਾਰਥ

(C) ਸਭਿਆਚਾਰ ਤੇ ਇਤਹਾਸ

(D) ਪਰਾਸਰੀਰਕਤਾ ਤੇ ਵਿਸ਼ਵਾਸ

38. 'ਮੌਖਿਕ ਕਵਿਤਾ ਦੇ ਸ਼ਕਤੀਸ਼ਾਲੀ ਬਿੰਬ ਮਜ਼ਦੂਰੀ ਵਾਲੇ ਕੰਮਾਂ ਤੋਂ ਉਪਜਦੇ ਹਨ ।' ਕਿਸਦਾ ਕਥਨ ਹੈ :

(A) ਲੈਨਿਨ (B) ਗੌਰਕੀ

(C) ਮਾਰਕਸ (D) ਸ਼ੋਲੋਖੋਵ

39. ਟੈਬੂ ਹੈ :

(A) ਸਭਿਆਚਾਰਕ ਰੀਤ

(B) ਸਭਿਆਚਾਰਕ ਸੁਮੇਲ

(C) ਸਭਿਆਚਾਰਕ ਅਨੁਸ਼ਠਾਨ

(D) ਸਭਿਆਚਾਰਕ ਮਨਾਹੀ

40. ਕਲਾਦ ਲੈਵੀਸਤਰਾਸ ਰਚਿਤ ਪੁਸਤਕ 'ਸਟਰਕਚਰਲ ਐਂਥਰੋਪੋਲੋਜੀ' ਕਿਸ ਅਨੁਸ਼ਾਸਨ ਨਾਲ ਸੰਬੰਧਿਤ ਹੈ :

(A) ਸਾਹਿਤ-ਵਿਗਿਆਨ

(B) ਲੋਕਧਾਰਾ-ਵਿਗਿਆਨ

(C) ਭਾਸ਼ਾ-ਵਿਗਿਆਨ

(D) ਚਿਹਨ-ਵਿਗਿਆਨ

41. ਲੋਕਧਾਰਾ ਨੂੰ ਵਿਗਿਆਨ ਵਜੋਂ ਸਥਾਪਿਤ ਕਰਨ ਲਈ ਜ਼ਰੂਰੀ ਹੈ :

(A) ਲੋਕ-ਸਾਹਿਤ ਤੇ ਵਿਸ਼ਲੇਸ਼ਣ

(B) ਲੋਕ-ਸਾਮੱਗਰੀ ਤੇ ਵਿਗਿਆਨਕ ਵਰਗੀਕਰਨ

(C) ਕਾਰਨਤਾ ਤੇ ਵਸਤੂਨਿਸ਼ਠਤਾ

(D) ਵਿਵੇਕ ਤੇ ਵਿਗਿਆਨਕ ਕਲਪਨਾ

42. ਕਿਹੜਾ ਕ੍ਰਮ ਸਹੀ ਹੈ :

| **ਸੂਚੀ-I** | **ਸੂਚੀ-II** |
|---|---|
| a. ਲੋਕ ਤਮਾਸ਼ਾ | 1. ਔਂਸੀਆਂ |
| b. ਲੋਕ ਗਹਿਣਾ | 2. ਪੁਤਲੀਆਂ |
| c. ਲੋਕ ਖੇਡ | 3. ਚੌਂਕ |
| d. ਲੋਕ ਨਾਚ | 4. ਲੁੱਡੀ |

| | a | b | c | d |
|---|---|---|---|---|
| (A) | 2 | 3 | 1 | 4 |
| (B) | 3 | 2 | 4 | 1 |
| (C) | 4 | 2 | 1 | 3 |
| (D) | 2 | 1 | 3 | 4 |

43. ਸ਼ਬਦ ਸਕਤੀਆਂ ਤੋਂ ਕੀ ਭਾਵ ਹੈ :

(A) ਲਕਸ਼ਣਾ, ਤਤਪਰਜ, ਸਾਧਾਰਨੀ ਕਰਨ

(B) ਅਭਿਧਾ, ਲਕਸ਼ਣਾ, ਰਸ

(C) ਅਭਿਧਾ, ਲਕਸ਼ਣਾ, ਵਿਅੰਜਨਾ

(D) ਅਭਿਦਾ, ਤਾਤਪਰਜ, ਅਲੰਕਾਰ

44. **(A) ਕਥਨ :** ਭਾਰਤੀ ਕਾਵਿ-ਸ਼ਾਸਤਰ ਵਿਚ ਕਾਵਿ ਦੀ ਆਤਮਾ ਦੇ ਪ੍ਰਸ਼ਨ ਦਾ ਵਿਵੇਚਨ ਕਰਦੇ ਹੋਏ ਕਈ ਸਿਧਾਂਤ ਜਾਂ ਸੰਪ੍ਰਦਾਇ ਸਥਾਪਿਤ ਹੋਏ, ਜਿਨ੍ਹਾ ਵਿਚੋਂ ਰਸ ਸਿਧਾਂਤ ਨੂੰ ਸਭ ਤੋਂ ਵੱਧ ਪ੍ਰਮੁੱਖਤਾ ਹਾਸਲ ਹੈ ।

**(R) ਕਾਰਨ :** ਪਰ ਧੁਨੀ ਸਿਧਾਂਤ ਅਤੇ ਅਲੰਕਾਰ ਸਿਧਾਂਤ ਨੂੰ ਵੀ ਪੂਰਾ ਮਹੱਤਵ ਪ੍ਰਾਪਤ ਰਿਹਾ ਹੈ ਅਤੇ ਅੱਜ ਇਨ੍ਹਾਂ ਦੀ ਵਧੇਰੇ ਮਾਨਤਾ ਹੈ ।

(A) (A) ਆਂਸ਼ਿਕ ਸਹੀ ਹੈ (R) ਸਹੀ ਹੈ

(B) (A) ਸਹੀ ਹੈ (R) ਆਂਸ਼ਿਕ ਸਹੀ ਹੈ

(C) (A) ਗਲਤ ਹੈ (R) ਆਂਸ਼ਿਕ ਸਹੀ ਹੈ

(D) (A) ਸਹੀ ਹੈ (R) ਗਲਤ ਹੈ

45. ਸ਼ੈਲੀ-ਵਿਗਿਆਨਕ ਅਧਿਐਨ ਪ੍ਰਣਾਲੀ ਵਿਚ ਸੁਮੇਲ ਹੈ :

(A) ਚਿਹਨ-ਵਿਗਿਆਨ ਤੇ ਵਿਰਚਨਾ

(B) ਭਾਸ਼ਾ-ਵਿਗਿਆਨ ਤੇ ਸਾਹਿਤ-ਆਲੋਚਨਾ

(C) ਰੂਪਵਾਦ ਤੇ ਸੰਰਚਨਾਵਾਦ

(D) ਸਮਾਜ-ਸ਼ਾਸਤਰ ਤੇ ਮਾਰਕਸਵਾਦ

46. ਸਹੀ ਕ੍ਰਮ ਦੱਸੋ :

| **ਸੂਚੀ-I** | **ਸੂਚੀ-II** |
|---|---|
| a. ਅਸਪਸ਼ਟਤਾ | 1. ਅਨੁਸ਼ਾਸਨ |
| b. ਸਰਬੱਗਤਾ | 2. ਵਿਆਪਕਤਾ |
| c. ਇਕਸਾਰਤਾ | 3. ਰੁਪਾਵਲੀ |
| d. ਸੰਜਮ | 4. ਅਰਥ-ਸੀਮਾ |

| | a | b | c | d |
|---|---|---|---|---|
| (A) | 4 | 1 | 2 | 3 |
| (B) | 4 | 2 | 3 | 1 |
| (C) | 4 | 3 | 2 | 1 |
| (D) | 1 | 2 | 3 | 4 |

47. ਖੋਜ-ਪ੍ਰਬੰਧ ਲੇਖਣ ਵਿਚ ਵਧੇਰੇ ਮਹੱਤਵਪੂਰਨ ਹੈ :

(A) ਅਧਿਆਇ ਵੰਡ ਤੇ ਅੰਤਿਕਾ

(B) ਟਿੱਪਣੀਆਂ ਤੇ ਹਵਾਲੇ

(C) ਰੂਪ-ਰੇਖਾ ਤੇ ਪੁਸਤਕ-ਸੂਚੀ

(D) ਨਿਸ਼ਕਰਸ਼ ਤੇ ਆਦਿਕਾ

48. **(A) ਕਥਨ :** ਖੋਜ-ਵਿਧੀ ਵਿਗਿਆਨ ਦੇ ਖੇਤਰ ਵਿਚ ਵਿਭਿੰਨ ਵਿਧੀਆਂ ਅਤੇ ਸੰਦਾਂ ਦੇ ਸਹਿਯੋਗ ਨਾਲ ਪ੍ਰਮਾਣਕ ਪਾਠ ਅਤੇ ਨਵੇਂ ਤੱਥਾਂ ਦੀ ਭਾਲ ਨੂੰ ਸਥਾਪਤ ਕਰਨ ਦੀ ਪ੍ਰਬਲਤਾ ਦਿਖਾਈ ਦਿੰਦੀ ਹੈ ।

**(R) ਕਾਰਨ :** ਕਿਉਂਕਿ ਖੋਜ ਦਾ ਕਾਰਜ ਇੰਨਾਂ ਵਿਆਖਿਆ-ਮੂਲਕ ਨਹੀਂ ਜਿੰਨਾਂ ਕਿ ਸੰਕਲਪਮੂਲਕ ਹੈ । ਇਹ ਪਰਿਪੇਖ ਇਸਨੂੰ ਆਲੋਚਨਾ ਨਾਲੋਂ ਨਿਖੇੜਦਾ ਹੈ ।

(A) (A) ਗਲਤ ਹੈ (R) ਆਂਸ਼ਿਕ ਸਹੀ ਹੈ

(B) (A) ਆਂਸ਼ਿਕ ਸਹੀ ਹੈ (R) ਸਹੀ ਹੈ

(C) (A) ਅਤੇ (R) ਦੋਵੇਂ ਹੀ ਸਹੀ ਹਨ

(D) (A) ਅਤੇ (R) ਆਂਸ਼ਿਕ ਸਹੀ ਹਨ

**ਪੈਰਾ** :

ਸਾਡੀ ਸਾਹਿਤਿਕ ਰੁਚੀ ਬੜੀ ਤੇਜ਼ੀ ਨਾਲ ਬਦਲ ਰਹੀ ਹੈ । ਹੁਣ ਸਾਹਿਤ ਕੇਵਲ ਜੀ-ਪਰਚਾਵੇ ਦੀ ਚੀਜ਼ ਨਹੀਂ । ਮਨੋਰੰਜਨ ਤੋਂ ਬਿਨ੍ਹਾਂ ਉਸਦਾ ਹੋਰ ਵੀ ਕੁਝ ਉਦੇਸ਼ ਹੈ । ਹੁਣ ਉਹ ਕੇਵਲ ਨਾਇਕ-ਨਾਇਕਾਵਾਂ ਦੇ ਸੰਯੋਗ-ਵਿਯੋਗ ਦੀ ਕਹਾਣੀ ਹੀ ਨਹੀਂ ਸਣਾਉਂਦਾ ਕਿੰਤੂ ਜੀਵਨ ਦੀਆਂ ਸਮੱਸਿਆਵਾਂ ‘ਤੇ ਵੀ ਵਿਚਾਰ ਕਰਦਾ ਹੈ ਅਤੇ ਉਹਨਾਂ ਨੂੰ ਹੱਲ ਕਰਦਾ ਹੈ । ਉਸਨੂੰ ਉਹਨਾਂ ਪ੍ਰਸ਼ਨਾਂ ਨਾਲ ਦਿਲਚਸਪੀ ਹੈ, ਜਿੰਨ੍ਹਾਂ ਨਾਲ ਸਮਾਜ ਜਾਂ ਵਿਅਕਤੀ ਪ੍ਰਭਾਵਿਤ ਹੁੰਦੇ ਹਨ । ਉਸਦੀ ਉਤਕ੍ਰਿਸ਼ਟਤਾ ਦੀ ਵਰਤਮਾਨ ਕਸੌਟੀ ਅਨੂਭੂਤੀ ਦੀ ਉਹ ਤੀਬਰਤਾ ਹੈ ਜਿਸ ਨਾਲ ਉਹ ਸਾਡੇ ਭਾਵਾਂ ਤੇ ਵਿਚਾਰਾਂ ਵਿਚ ਗਤੀ ਪੈਦਾ ਕਰਦਾ ਹੈ । ਜਿਸ ਸਾਹਿਤ ਨਾਲ ਸਾਡੀ ਸੁਰੁਚੀ ਨਾ ਜਾਗੇ, ਅਧਿਆਤਮਕ ਤੇ ਮਾਨਸਿਕ ਤ੍ਰਿਪਤੀ ਨਾ ਹੋਵੇ, ਸਾਡੇ ਵਿਚ ਸ਼ਕਤੀ ਤੇ ਗਤੀ ਨਾ ਪੈਦਾ ਹੋਵੇ, ਸਾਡਾ ਸੌਂਦਰੀਯ ਲਈ ਪ੍ਰੇਮ ਨਾ ਜਾਗੇ, ਜਿਹੜਾ ਸਾਡੇ ਵਿਚ ਸੱਚਾ ਸੰਕਲਪ ਤੇ ਕਠਿਨਾਈਆਂ ਤੇ ਜਿੱਤ ਪ੍ਰਾਪਤ ਕਰਨ ਦੀ ਸੱਚੀ ਦ੍ਰਿੜਤਾ ਪੈਦਾ ਨਾ ਕਰੇ, ਉਹ ਅੱਜ ਸਾਡੇ ਲਈ ਬੇ-ਅਰਥ ਹੈ, ਉਹ ਸਾਹਿਤ ਕਹਾਉਣ ਦਾ ਹੱਕਦਾਰ ਨਹੀਂ ।

49. ਪੈਰੇ ਦਾ ਮੁੱਖ ਥੀਮ ਹੈ :

(A) ਕਲਾ ਜੀਵਨ ਲਈ

(B) ਕਲਾ ਕਲਾ ਲਈ

(C) ਸਮਾਜ ਦੀ ਕਾਣੀ ਵੰਡ ਪ੍ਰਤਿ ਚੇਤਨਾ

(D) ਸਾਂਝੀ ਮਨੁੱਖਤਾ ਦਾ ਅਹਿਸਾਸ

50. ਪੈਰੇ ਅਨੁਸਾਰ ਸਾਹਿਤ ਦਾ ਪ੍ਰਯੋਜਨ ਹੈ :

(A) ਅਧਿਆਤਮਕ ਤੇ ਮਾਨਸਿਕ ਤ੍ਰਿਪਤੀ ਪ੍ਰਦਾਨ ਕਰਨਾ

(B) ਸੌਂਦਰਯ ਪ੍ਰਤਿ ਪ੍ਰੇਮ ਜਗਾਉਣਾ

(C) ਮਨੁੱਖੀ ਪ੍ਰਗਤੀ ਲਈ ਸੱਚੀ ਦ੍ਰਿੜਤਾ

(D) ਭਾਵਾਂ ਤੇ ਵਿਚਾਰਾਂ ਦੀ ਗਤੀ ਉਪਜਾਉਣਾ

**Space For Rough Work**